


# ਪੂਰੀ ਸਰਧਾ ਤੇ ਸਤਿਕਾਰ ਸਹਿਤ ਕਰਵਾਇਆ ਗਿਆ ਸ਼ਹੀਦ ਬਾਬਾ ਤੇਗਾ ਸਿੰਘ ਦੀ ਯਾਦ ਤੇ ਸੰਤ ਨਛੱਤਰ ਸਿੰਘ ਦੀ ਬਰਸੀ ਨਮਿਤ ਸਾਲਾਨਾ ਜੋੜ ਮੇਲਾ



ਬਾਘਾ ਪੁਰਾਣਾ/ 15 ਮਾਰਚ / ਭਵਨਦੀਪ ਸਿੰਘ ਪੁਰਬਾ

ਮਾਲਵੇ ਦੇ ਬਹੁਤ ਹੀ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਵਿਖੇ ਹਰ ਸਾਲ ਦੀ ਤਰਾਂ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦ ਬਾਬਾ ਤੇਗਾ ਸਿੰਘ ਦੀ ਯਾਦ ਤੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਦੀ ਬਰਸੀ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਵੱਡੇ ਪੱਧਰ ਪੂਰੀ ਸਰਧਾ ਤੇ ਸਤਿਕਾਰ ਸਹਿਤ ਕਰਵਾਇਆ ਗਿਆ।

ਇਸ ਮੌਕੇ ਸੰਗਤ ਦੁਆਰਾ ਕਰਵਾਏ ਗਏ ਕਰਵਾਏ 101 ਸ੍ਰੀ ਅਖੰਡ ਪਾਠਾਂ ਦੇ ਦੇ ਭੋਗ ਪਾਏ ਗਏ। ਸਾਲਾਨਾ ਜੋੜ ਮੇਲੇ ਦੇ ਦਿਨ ਸਜੇ ਦੀਵਾਨ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੁਖਵੀਰ ਸਿੰਘ, ਭਾਈ ਗੁਰਸਿਮਰਨ ਸਿੰਘ, ਭਾਈ ਗੁਰਪ੍ਰੇਮ ਸਿੰਘ ਤੇ ਹੋਰਨਾਂ ਜਥਿਆਂ ਨੇ ਰਸਮਈ ਕੀਰਤਨ ਰਾਹੀ ਸੰਗਤ ਨੂੰ ਨਿਹਾਲ ਕੀਤਾ।

ਇਸ ਸਮਾਗਮ ਵਿੱਚ ਉਚੇਚੇ ਤੌਰ ਤੇ ਹਾਜਰ ਹੋਏ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਨੇ ਸੰਗਤਾਂ ਨੂੰ ਮਾਨਵਤਾ ਦੀ ਭਲਾਈ ਤੇ ਸਿੱਖੀ ਦੇ ਮਾਰਗ ਉੱਪਰ ਚੱਲਣ ਦੀ ਪ੍ਰੇਰਣਾ ਦਿੱਤੀ। ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ ਨੇ ਪ੍ਰਮੁੱਖ ਸ਼ਖ਼ਸੀਅਤਾਂ ਤੇ ਸਹਿਯੋਗੀਆਂ ਨੂੰ ਸਨਮਾਨਿਤ ਕਰਨ ਉਪਰੰਤ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਨੇ ਅਤੇ ਸਾਧੂ-ਸੰਤ ਸੰਗਤਾਂ ਨੂੰ ਸੱਚ ਦਾ ਮਾਰਗ ਦਿਖਾਉਂਦੇ ਹਨ। ਸਾਨੂੰ ਬਾਣੀ ਤੇ ਬਾਣੇ 'ਚ ਪਰਪੱਕ ਹੋ ਕੇ ਜੀਵਨ ਸਫਲ ਕਰਨਾ ਚਾਹੀਦਾ ਹੈ।

ਇਸ ਮੌਕੇ ਸਜੇ ਧਾਰਮਿਕ ਦੀਵਾਨਾਂ ਵਿੱਚ ਸੰਤ ਬਾਬਾ ਬਲਦੇਵ ਸਿੰਘ ਮੰਡੀਰਾਂ ਵਾਲੇ, ਬਾਬਾ ਮਹਿੰਦਰ ਸਿੰਘ ਬਹੋਨਾ, ਬਾਬਾ ਬਲਕਾਰ ਸਿੰਘ ਘੋਲੀਆਂ, ਬਾਬਾ ਸੁਖਦੇਵ ਸਿੰਘ ਡਮੇਲੀ ਵਾਲੇ, ਬਾਬਾ ਬੰਤਾ ਸਿੰਘ ਪਿੰਡ ਮੁੰਡਾ, ਬਾਬਾ ਛਿੰਦਰ ਸਿੰਘ ਜੈਮਲ ਵਾਲਾ, ਸੰਤ ਮੋਹਨ ਦਾਸ ਬਰਗਾੜੀ ਵਾਲੇ, ਸੰਤ ਮਹਿੰਦਰ ਦਾਸ ਕੋਠਾ ਗੁਰੂ, ਮਹੰਤ ਇਕਬਾਲ ਸਿੰਘ ਦੱਲੂਵਾਲਾ, ਸੰਤ ਅਵਤਾਰ ਸਿੰਘ ਡੇਰਾ ਭਜਨਗੜ੍ਹ, ਸੰਤ ਜਗਤਾਰ ਸਿੰਘ ਮਸਤਾਨਾ, ਬਾਬਾ ਗੇਜਾ ਸਿੰਘ ਨਾਨਕਸਰ ਵਾਲੇ, ਸੰਤ ਮਹਿੰਦਰ ਸਿੰਘ ਜਨੇਰ ਵਾਲੇ, ਸੰਤ ਭਜਨ ਸਿੰਘ ਕਪੂਰੇ ਤੇ ਹੋਰਨਾਂ ਸੰਤਾਂ ਮਹਾਂਪੁਰਖਾਂ, ਕਥਾਵਾਚਕਾਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਇਸੇ ਉਪਰੰਤ ਢਾਡੀ ਦਰਬਾਰ 'ਚ ਅੰਤਰ-ਰਾਸ਼ਟਰੀ ਪ੍ਰਸਿੱਧ ਢਾਡੀ ਤਰਸੇਮ ਸਿੰਘ ਮੋਰਾਂਵਾਲੀ, ਬੀਬੀ ਅਮਨਦੀਪ ਕੌਰ ਨਕੋਦਰ, ਭਾਈ ਜੁਗਰਾਜ ਸਿੰਘ ਮੌੜ ਮਾਲਵਾ ਕਵੀਸ਼ਰ ਤੇ ਹੋਰ ਕਈ ਜੱਥਿਆਂ ਨੇ ਗੁਰ ਇਤਿਹਾਸ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ।

ਇਸ ਮੌਕੇ ਵਿਧਾਇਕ ਦਰਸ਼ਨ ਸਿੰਘ ਬਰਾੜ, ਜਥੇਦਾਰ ਤੀਰਥ ਸਿੰਘ ਮਾਹਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਤੇ ਹੋਰਨਾਂ ਉੱਚ ਸ਼ਖ਼ਸੀਅਤਾਂ ਨੇ ਸੰਬੋਧਨ ਕਰਦੇ ਬਾਬਾ ਗੁਰਦੀਪ ਸਿੰਘ ਦੀ ਭਰਪੂਰ ਸ਼ਲਾਘਾ ਕੀਤੀ। ਸਟੇਜ ਸੈਕਟਰੀ ਦੀ ਸੇਵਾ ਭਾਈ ਇਕਬਾਲ ਸਿੰਘ ਲੰਗੇਆਣਾ ਨੇ ਬਾਖੂਬੀ ਨਿਭਾਈ। ਇਸ ਮੌਕੇ ਹੋਰਨਾ ਤੋਂ ਇਲਾਵਾ ਓ.ਐਸ.ਡੀ. ਮੁੱਖ ਮੰਤਰੀ ਸੰਨੀ ਬਰਾੜ, ਸੰਸਦ ਮੈਂਬਰ ਮੁਹੰਮਦ ਸਦੀਕ, ਚੇਅਰਮੈਨ ਇੰਦਰਜੀਤ ਸਿੰਘ ਬੀੜ ਜ਼ਿਲ੍ਹਾ ਯੋਜਨਾ ਬੋਰਡ, ਚੇਅਰਮੈਨ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ ਜ਼ਿਲ੍ਹਾ ਪ੍ਰੀਸ਼ਦ, ਭਾਈ ਹਰਪ੍ਰੀਤ ਸਿੰਘ ਡੋਨੀ ਚੜਿੱਕ, ਸਾਬਕਾ ਸਰਪੰਚ ਹਰਵਿੰਦਰ ਸਿੰਘ ਜਿੰਮੀ ਗੱਜਣ ਵਾਲਾ, ਨੰਬਰਦਾਰ ਹਰਬੰਸ ਸਿੰਘ ਲੇਲਣਾ ਗੱਜਣ ਵਾਲਾ, ਜ਼ਿਲ੍ਹਾ ਪ੍ਰਧਾਨ ਜਥੇਦਾਰ ਤੀਰਥ ਸਿੰਘ ਅਕਾਲੀ ਦਲ, ਕੁਲਬੀਰ ਸਿੰਘ ਕੋਠੇ ਪੱਤੀ ਮੁਹੱਬਤ, ਚਮਕੌਰ ਸਿੰਘ ਬਰਾੜ ਚੰਦ ਪੁਰਾਣਾ, ਅਵਤਾਰ ਸਿੰਘ ਦੁੱਨੇਕੇ, ਅਮਰਜੀਤ ਸਿੰਘ, ਤਰਲੋਕ ਸਿੰਘ, ਸਾਬਕਾ ਸਰਪੰਚ ਮੇਜਰ ਸਿੰਘ, ਸਾਧੂ ਸਿੰਘ, ਜੀਤਾ ਸਿੰਘ, ਗੁਰਜੰਟ ਸਿੰਘ, ਸੁੱਖਾ ਸਿੰਘ ਮੋਗਾ, ਬਲਦੇਵ ਸਿੰਘ ਸਕਿਉਰਿਟੀ ਇੰਚਾਰਜ, ਰਾਜੂ ਸਿੰਘ, ਮਿੰਦੀ ਸਿੰਘ ਮੋਗਾ, ਗਾਮਾ ਸਿੰਘ, ਬਲਦੇਵ ਸਿੰਘ ਮੋਗਾ, ਦਰਸ਼ਨ ਸਿੰਘ ਡਰੋਲੀ ਭਾਈ, ਬਿੱਲੂ ਸਿੰਘ, ਧਰਮ ਸਿੰਘ, ਗੁਰਜੀਤ ਸਿੰਘ ਲੰਗੇਆਣਾ, ਬਹਾਦਰ ਸਿੰਘ, ਪ੍ਰਧਾਨ ਸੂਬਾ ਸਿੰਘ, ਦਿਲਬਾਗ ਸਿੰਘ ਇੰਸਪੈਕਟਰ, ਬੀਬੀ ਜਸਵੀਰ ਕੌਰ ਲੰਡੇ, ਇੰਦਰਜੀਤ ਸਿੰਘ ਜੇ.ਈ., ਪੰਜ ਪਿਆਰਿਆਂ ਦੇ ਜਥਿਆਂ 'ਚ ਭਾਈ ਰਛਪਾਲ ਸਿੰਘ ਨਾਥੇਵਾਲਾ, ਭਾਈ ਹਾਕਮ ਸਿੰਘ ਚੰਦ ਨਵਾਂ, ਚੱਕ 56 ਜੀ.ਬੀ. ਰਾਜਸਥਾਨ ਦੇ ਗੁਰਦੁਆਰਾ ਸਾਹਿਬ ਦੀ ਕਮੇਟੀ ਆਦਿ ਮੁੱਖ ਤੌਰ ਤੇ ਹਾਜਰ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਇੰਚ ਦੀ ਬੀੜ ਜੋ ਸ਼ੀਸ਼ਿਆਂ ਵਾਲੀ ਪਾਲਕੀ 'ਚ ਸੁਸ਼ੋਭਿਤ ਕੀਤੀ ਹੋਈ ਸੀ ਸੰਗਤ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ। ਸਾਲਾਨਾ ਜੋੜ ਮੇਲਾ ਅਤੇ ਸੰਗਤਾਂ ਨੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਇਲਾਕੇ ਭਰ, ਰਾਜਸਥਾਨ ਤੋਂ ਵੱਡੀ ਗਿਣਤੀ ਵਿੱਚ ਹਾਜਰ ਹੋਈ ਸੰਗਤ ਅਤੇ ਦੇਸ਼ - ਵਿਦੇਸ਼ ਤੋਂ ਵੱਡੇ ਪੱਧਰ 'ਤੇ ਹਾਜਰ ਹੋਈ ਸੰਗਤ ਵਾਸਤੇ ਕਈ ਪਿੰਡਾ ਦੀਆਂ ਸੰਗਤਾ ਸੇਵਾਦਾਰਾ ਵੱਲੋਂ ਵੱਖ-ਵੱਖ ਤਰ੍ਹਾਂ ਦੇ ਗੁਰੂ ਕੇ ਲੰਗਰ, ਚਾਹ ਪਕੌੜਿਆ ਦੇ ਲੰਗਰ, ਜਲੇਬੀਆਂ ਦੇ ਲੰਗਰ ਅਤੇ ਛਬੀਲਾ ਆਦਿ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ।






10 ਅਪ੍ਰੈਲ 2020 ਨੂੰ ਸਲਾਨਾ ਬਰਸ਼ੀ ਤੇ ਵਿਸ਼ੇਸ

-ਭਵਨਦੀਪ ਸਿੰਘ ਪੁਰਬਾ

# 20ਵੀਂ ਸਦੀ ਦੇ ਉੱਘੇ ਸਮਾਜ ਸੇਵਕ ਸਨ ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲੇ



ਕੁਝ ਅਜਿਹੀਆਂ ਸ਼ਖ਼ਸੀਅਤਾਂ ਹੁੰਦੀਆਂ ਹਨ ਜੋ 'ਵਿਚ ਦੁਨੀਆਂ ਸੇਵ ਕਮਾਈਏਂ' ਦੇ ਮਹਾਂਵਾਕ ਅਨੁਸਾਰ ਆਪਣਾ ਤਨ, ਮਨ, ਧਨ ਸਭ ਕੁਝ ਲੋਕ ਸੇਵਾ ਵਿਚ ਲਗਾ ਦਿੰਦੀਆਂ ਹਨ। ਜਿਨਾਂ ਨੇ ਆਪਣੀ ਸਮੁੱਚੀ ਜ਼ਿੰਦਗੀ ਲੋਕ ਸੇਵਾ ਵਿਚ ਲਗਾ ਦਿੱਤੀ ਉਨਾਂ ਦੇ ਜੀਵਨ ਦਾ ਹਰ ਸਾਹ ਮਨੁੱਖਤਾ ਦੇ ਦਿਲ ਦੀ ਧੜਕਣ ਬਣ ਗਿਆ। ਅਜਿਹੀ ਹੀ ਇਕ ਮਹਾਨ ਸ਼ਖ਼ਸੀਅਤ ਹੈ ਸੰਤ ਬਾਬਾ ਨੰਦ ਸਿੰਘ ਜੀ ਜਿਨਾਂ ਨੇ ਆਪਣੀ ਜ਼ਮੀਨ ਜਾਇਦਾਦ ਸਭ ਕੁਝ ਲੋਕ ਸੇਵਾ ਹਿੱਤ ਲਗਾ ਦਿੱਤੀ।

ਸਾਡੇ ਬਜ਼ੁਰਗਾਂ ਦੇ ਦੱਸਣ ਮੁਤਾਬਕ ਪਤਾ ਲੱਗਦਾ ਹੈ ਕਿ ਸੰਤ ਬਾਬਾ ਨੰਦ ਸਿੰਘ ਜੀ ਦਾ ਜਨਮ ਲਗਭਗ 1891-92 ਵਿਚ ਸ.ਚੇਤ ਸਿੰਘ ਦੇ ਘਰ ਮਾਤਾ ਭੋਲੀ ਦੀ ਕੁੱਖੋਂ ਹੋਇਆ। ਬਾਬਾ ਜੀ ਨੇ ਆਪਣੀ ਮੁੱਢਲੀ ਸਿੱਖਿਆ ਗੁਰਦੁਆਰਾ ਸਾਹਿਬ ਵਿਚੋਂ ਹਾਸਲ ਕੀਤੀ। ਆਪ ਬਚਪਨ ਤੋਂ ਹੀ ਬੜੇ ਭਰਵੇਂ ਤੇ ਤਾਕਤਵਰ ਸਰੀਰ ਦੇ ਸਨ। ਇਸ ਲਈ ਬਾਬਾ ਜੀ 1928 ਨੂੰ ਫੌਜ ਵਿਚ ਭਰਤੀ ਹੋ ਗਏ ਅਤੇ ਉੱਥੇ ਹੀ ਆਪ ਜੀ ਨੇ ਉਚੇਰੀ ਸਿੱਖਿਆ ਪ੍ਰਾਪਤ ਕੀਤੀ। ਅੱਠ ਸਾਲ ਫੌਜ ਦੀ ਨੌਕਰੀ ਕਰਨ ਤੋਂ ਬਾਅਦ 1936 ਈ. ਨੂੰ ਆਪਣੀ ਨੌਕਰੀ ਵਿਚੇ ਛੱਡ ਕੇ, ਫੌਜ ਨੂੰ ਅਲਵਿਦਾ ਕਹਿ ਕੇ ਪਿੰਡ 'ਉੜਮ ਟਾਂਡਾ' ਵਿਖੇ ਆਪਣੇ ਗੁਰੂ ਬਾਬਾ ਸ਼ਾਮ ਸਿੰਘ ਜੀ ਕੋਲ ਰਹਿਣ ਲੱਗ ਪਏ। ਉੱਥੇ ਕੁਝ ਚਿਰ ਸੇਵਾ ਭਗਤੀ ਕਰਨ ਤੋਂ ਬਾਅਦ ਬਾਬਾ ਜੀ ਮੋਗੇ ਤੋਂ 8 ਕਿਲੋਮੀਟਰ ਦੂਰ ਪਿੰਡ ਤੋਂ ਬਾਹਰ-ਬਾਹਰ ਆਪਣੇ ਖੇਤਾਂ ਵਿਚ ਇਕਾਂਤ ਵਿਚ ਰਹਿਣ ਲੱਗ ਪਏ। ਇੱਥੇ ਬਾਬਾ ਜੀ ਨੇ ਕਾਫੀ ਸਮਾਂ ਭਗਤੀ ਕੀਤੀ। ਉਸ ਤੋਂ ਬਾਅਦ ਬਾਬਾ ਜੀ ਨੇ ਬੱਚਿਆਂ ਨੂੰ ਮੁਫ਼ਤ ਵਿਦਿਆ ਦੇਣੀ ਸ਼ੁਰੂ ਕੀਤੀ। ਆਪ ਜੀ ਨੂੰ ਰਹੇ ਅਤੇ ਨਾਲ ਹੀ ਸਰਕਾਰੀ ਆਯੂਰਵੈਦਿਕ ਡਿਸਪੈਂਸਰੀ ਬਣਵਾ ਦਿੱਤੀ। ਹੁਣ ਇਹ ਡਿਸਪੈਂਸਰੀ ਸੰਤ ਬਾਬਾ ਨੰਦ ਸਿੰਘ ਜੀ ਆਯੂਰਵੈਦਿਕ ਡਿਸਪੈਂਸਰੀ ਸੰਤ ਬਾਬਾ ਨੰਦ ਸਿੰਘ ਜੀ ਆਯੂਰਵੈਦਿਕ ਡਿਸਪੈਂਸਰੀ ਹੇਠ ਚੱਲ ਰਹੀ ਹੈ। ਪਸ਼ੂਆਂ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਪਸ਼ੂਆਂ ਦਾ ਹਸਪਤਾਲ ਬਣਵਾਇਆ। ਇਸ ਤੋਂ ਇਲਾਵਾ ਮੁਸਲਮਾਨ ਫਕੀਰ ਬਾਬਾ ਦਾਮੂੰ ਸ਼ਾਹ ਜੀ ਦੀ ਮਜਾਰ ਤੇ ਬਿਲਡਿੰਗ ਦਾ ਨਿਰਮਾਣ ਕਰਵਾਇਆ। ਬਾਬਾ ਦਾਮੂੰ ਸ਼ਾਹ ਜੀ ਦੇ ਮੇਲੇ ਦੇ ਜਨਮ ਦਾਤਾ ਵੀ ਬਾਬਾ ਨੰਦ ਸਿੰਘ ਜੀ ਹੀ ਹਨ। ਇੱਥੋਂ ਪਤਾ ਲੱਗਦਾ ਹੈ ਕਿ ਬਾਬਾ ਜੀ ਸਭ ਧਰਮਾਂ ਦਾ ਬਰਾਬਰ ਸਤਿਕਾਰ ਕਰਦੇ ਸਨ। ਬਾਬਾ ਜੀ ਨੇ ਸਮੂੰਹ ਸੰਗਤਾਂ ਨੂੰ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਨ ਦਾ ਉਪਦੇਸ਼ ਦਿੱਤਾ। ਬਾਬਾ ਜੀ ਦਾ ਉਪਦੇਸ਼ ਸੀ ਕਿ ਹਰ ਪ੍ਰਾਣੀ ਆਪਣੇ ਧਰਮ ਵਿਚ ਪੱਕਾ ਹੋਣਾ ਚਾਹੀਦਾ ਹੈ ਚਾਹੇ ਉਹ ਕਿਸੇ ਵੀ ਧਰਮ ਨੂੰ ਮੰਨਦਾ ਹੋਵੇ।

ਬਾਬਾ ਜੀ ਨੇ ਝੂਠੇ ਪਾਖੰਡਵਾਦ ਨੂੰ ਤਿਆਗ ਕੇ ਪਰਮਾਤਮਾਂ ਦਾ ਨਾਮ ਸਿਮਰਨ, ਸੱਚੀ ਕਿਰਤ ਕਰਕੇ ਨੇਕੀ ਦੇ ਰਸਤੇ ਤੇ ਚੱਲਣ ਦਾ ਉਪਦੇਸ਼ ਦਿੱਤਾ। ਬਾਬਾ ਜੀ ਅਨੁਸਾਰ "ਨਿਸ਼ਚੈ ਕਰ ਆਪਣੀ ਜੀਤ ਕਰੋਂ" ਦਾ ਵਾਕ ਕਾਮਯਾਬੀ ਦਾ ਪ੍ਰਤੀਕ ਹੈ। ਬਾਬਾ ਜੀ ਫਰਮਾਉਂਦੇ ਹਨ ਕਿ ਆਦਮੀ ਕਦੇ ਵੀ ਆਪਣੀ ਸੋਚ ਤੋਂ ਉਪਰ ਨਹੀਂ ਉੱਠ ਸਕਦਾ, ਇਸ ਲਈ ਹਮੇਸ਼ਾ ਅਗਾਂਹ ਵਧੂ ਸੋਚ ਦੇ ਧਾਰਨੀ ਹੋਣਾ ਚਾਹੀਦਾ ਹੈ।

ਅਖਵਾਉਣ ਨੂੰ ਤਾਂ ਸੰਤ ਬਾਬੇ ਬਹੁਤ ਅਖਵਾਈ ਜਾਂਦੇ ਹਨ ਪਰ "ਸੰਤ ਕਾ ਮਾਰਗ ਧਰਮ ਕੀ ਪੌੜੀ, ਕੋ ਵਡਭਾਗੀ ਪਾਏ" ਇਸ ਮਾਰਗ ਨੂੰ ਕੋਈ ਕਰਮਾ ਵਾਲਾ ਹੀ ਪ੍ਰਾਪਤ ਕਰ ਸਕਦਾ ਹੈ ਇਸ ਮਾਰਗ ਤੇ ਚੱਲਣ ਵਾਲੇ ਮਹਾਨ ਗੁਰੂ ਸੰਤ ਬਾਬਾ ਨੰਦ ਸਿੰਘ ਜੀ ਨੂੰ ਜੇਕਰ 20ਵੀਂ ਸਦੀ ਦੇ ਉੱਘੇ ਸਮਾਜ ਸੇਵਕ ਵੀ ਕਿਹਾ ਜਾਵੇ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਅਪ੍ਰੈਲ 1989 ਨੂੰ ਬਾਬਾ ਜੀ ਦੇ ਦਿਲ ਦੀ ਧੜਕਣ ਜ਼ਿਆਦਾ ਘੱਟ ਜਾਣ ਕਾਰਨ 'ਪੇਸ ਮੇਕਰ' ਦੀ ਵਰਤੋਂ ਕਰਨੀ ਪਈ। 'ਪੇਸ ਮੇਕਰ' ਦੇ ਜਰੀਏ ਬਾਬਾ ਜੀ 11 ਸਾਲ ਹਰ ਸਰੀਰਕ ਤੌਰ ਤੇ ਲੋਕ ਸੇਵਾ ਵਿਚ ਲਗਾ ਗਏ। ਬਾਬਾ ਜੀ ਦੀ ਰਹਿਮਤ ਸਦਕਾ ਅਨੇਕਾਂ ਲੋਕਾਂ ਦੇ ਕਾਰਜ ਰਾਸ ਹੋਏ ਅਤੇ ਹੁੰਦੇ ਰਹਿਣਗੇ।

ਸੂਰਜ ਕਿਰਨ ਮਿਲੀ ਜਲ ਕਾ ਜਲ ਹੂਆ ਰਾਮ।
ਜੋਤੀ ਜੋਤ ਮਿਲੀ ਸੰਪੂਰਨ ਥੀਆ ਰਾਮ॥

ਸਰੀਰਕ ਤੌਰ ਤੇ ਬਾਬਾ ਜੀ 10 ਅਪ੍ਰੈਲ 2000 ਨੂੰ 11.30 ਵਜੇ ਬ੍ਰਹਮ ਜੋਤ ਵਿਚ ਮਿਲ ਗਏ। ਕਈ ਮਹਾਂਪੁਰਖਾਂ ਦੀ ਹਾਜ਼ਰੀ ਵਿਚ 11 ਅਪ੍ਰੈਲ ਨੂੰ ਬਾਬਾ ਨੰਦ ਸਿੰਘ ਜੀ ਦਾ ਪਾਕ-ਪਵਿੱਤਰ ਸਰੀਰ ਪੂਰੀ ਸ਼ਰਧਾ ਅਤੇ ਸਨਮਾਨ ਨਾਲ ਅਗਨੀ ਭੇਟ ਕਰ ਦਿੱਤਾ ਗਿਆ।

# ਢਾਡੀ ਕਲਾ ਦੇ ਥੰਮ ਸਨ ਗੁਰਬਖਸ਼ ਸਿੰਘ ਅਲਬੇਲਾ



ਗੁਰਬਖ਼ਸ਼ ਸਿੰਘ ਅਲਬੇਲਾ ਨਾਮ ਸੀ ਉਸ ਸ਼ਖ਼ਸੀਅਤ ਦਾ ਜੋ ਢਾਡੀ, ਗੀਤਕਾਰ ਅਤੇ ਇਤਿਹਾਸਕਾਰ ਤਾਂ ਹੈ ਹੀ ਸੀ। ਇਸ ਤੋਂ ਇਲਾਵਾ ਉਸ ਨੂੰ ਅਨੇਕਾਂ ਸ਼ਗਿਰਦਾਂ ਦਾ ਗੁਰੂ ਹੋਣ ਦਾ ਮਾਣ ਵੀ ਹਾਸਲ ਹੈ। ਉਨ੍ਹਾਂ ਦੇ ਸ਼ਗਿਰਦਾਂ ਦੀ ਗਿਣਤੀ ਦਾ ਅੰਦਾਜ਼ਾ ਤਾਂ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਘਰ ਰੋਜ਼ਾਨਾ 28 ਕਿਲੋ ਆਟਾ ਗੁੰਨਿਆ ਜਾਂਦਾ ਸੀ। ਇੰਨੇ ਗੁਣਾਂ ਦੇ ਧਾਰਨੀ ਹੋਣ ਦੇ ਨਾਲ-ਨਾਲ ਉਹ ਚੰਗੇ ਸਮਾਜ ਸੇਵਕ ਵੀ ਸਨ। ਇਕ ਦਿਨ ਸਾਡਾ ਵੀ ਉਨ੍ਹਾਂ ਨੂੰ ਮਿਲਣ ਦਾ ਸਬੱਬ ਬਣਿਆ। ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਅਲਬੇਲਾ ਜੀ ਕਿੰਨੇ ਖੁਸ਼ ਦਿਲ ਅਤੇ ਮਿਲਾਪੜੇ ਇਨਸਾਨ ਸੀ ਉਹ ਆਪਣੇ ਢਾਡੀ ਜੱਥੇ ਦੇ ਨਾਲ ਮਿਲ ਕੇ ਧਰਮ ਦੀ ਸੇਵਾ ਤਾਂ ਕਰਦੇ ਹੀ ਸਨ ਨਾਲ-ਨਾਲ ਸਮਾਜ ਸੇਵਾ ਵਿਚ ਯੋਗਦਾਨ ਪਾਉਂਦੇ ਹੋਏ ਉਨ੍ਹਾਂ ਨੇ ਤਕਰੀਬਨ 20-22 ਲੜਕੀਆਂ ਦੇ ਵਿਆਹ ਆਪਣੇ ਕੋਲੋਂ ਖਰਚਾ ਕਰਕੇ ਕੀਤੇ ਹਨ। ਦੋ ਬੱਚੀਆਂ ਦੇ ਪਿਤਾ ਸ. ਗੁਰਬਖ਼ਸ਼ ਸਿੰਘ ਆਪਣੇ ਸਾਰੇ ਸ਼ਗਿਰਦਾਂ ਨੂੰ ਆਪਣੇ ਪੁੱਤਰ ਹੀ ਸਮਝਦੇ ਸਨ।

ਅਲਬੇਲਾ ਜੀ ਦਾ ਜਨਮ 3 ਮਈ 1957 ਨੂੰ ਪਿੰਡ ਬੁਰਜਰਾਜਗੜ੍ਹ ਵਿਖੇ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਹੋਇਆ। ਪਿਤਾ ਜੀ ਨਾਮ ਦਿਆਲ ਸਿੰਘ ਧਾਲੀਵਾਲ ਸੀ। ਉਨ੍ਹਾਂ ਨੇ ਪ੍ਰਾਇਮਰੀ ਸਿੱਖਿਆ ਆਪਣੇ ਪਿੰਡ ਬੁਰਜ ਰਾਜਗੜ੍ਹ ਤੋਂ ਹੀ ਪ੍ਰਾਪਤ ਕੀਤੀ ਤੇ ਹਾਈ ਦਸ਼ਮੇਸ਼ ਸਕੂਲ ਰਾਮਪੁਰਾ ਫੂਲ ਤੋਂ ਅਤੇ ਉਥੇ ਹੀ ਗਿਆਨੀ ਕੀਤੀ। ਅਲਬੇਲਾ ਜੀ 1979 ਵਿਚ ਟੀਚਰ ਲੱਗ ਗਏ। ਇਸੇ ਕਰਕੇ ਕਈ ਲੋਕ ਅਲਬੇਲਾ ਜੀ ਨੂੰ ਮਾਸਟਰ ਜੀ ਹੀ ਆਖਦੇ ਸਨ।

ਉਨ੍ਹਾਂ ਨੂੰ ਬਚਪਨ ਤੋਂ ਹੀ ਗਾਉਣ ਦਾ ਅਤੇ ਗੀਤ ਲਿਖਣ ਦਾ ਸ਼ੌਕ ਸੀ। ਚੌਥੀ ਕਲਾਸ ਵਿਚ ਉਹਨਾ ਦੇ ਮਾਸਟਰ ਓਮ ਪ੍ਰਕਾਸ਼ ਸਿੰਗਲਾ ਜੀ ਨੇ ਅਲਬੇਲਾ ਜੀ ਤੋਂ ਗੀਤ ਸੁਣਨੇ। ਪੰਜਵੀਂ ਵਿਚ ਅਲਬੇਲਾ ਜੀ ਦੇ ਮਾਸਟਰ ਗੁਰਚਰਨ ਸਿੰਘ ਭਗਤਾ ਉਨ੍ਹਾਂ ਨੂੰ ਸ਼ੌਕ ਸੀ ਗੀਤਕਾਰੀ ਦਾ, ਉਨ੍ਹਾਂ ਨੇ ਅਲਬੇਲਾ ਜੀ ਤੋਂ ਗੀਤ ਸੁਣਨੇ। ਦਸਵੀਂ ਵਿਚ ਮਾਸਟਰ ਜੀ ਸਨ ਜੋ ਗ਼ਜ਼ਲ ਸੁਨਣ ਦੇ ਬਹੁਤ ਸ਼ੌਕੀਨ ਸਨ। ਆਪਣੇ ਟੀਚਰਾਂ ਦੀ ਹੱਲਾਸ਼ੇਰੀ ਨਾਲ ਅਲਬੇਲਾ ਜੀ ਅੱਗੇ ਵਧਦੇ ਗਏ। ਅਲਬੇਲਾ ਜੀ ਨੂੰ ਢਾਡੀ ਬਨਾਉਣ ਵਿਚ ਬਲਵਿੰਦਰ ਸਿੰਘ ਖਹਿਰਾ (ਐਸ.ਪੀ.ਡੀ.) ਦਾ ਹੱਥ ਹੈ। ਅਲਬੇਲਾ ਜੀ ਨੇ ਪੰਜ ਸਾਲ ਮਾਸਟਰੀ ਦੀ ਨੌਕਰੀ ਕਰਕੇ 1984 ਵਿਚ ਨੌਕਰੀ ਛੱਡ ਕੇ ਪੂਰੀ ਤਰ੍ਹਾਂ ਢਾਡੀ ਕਲਾ ਨੂੰ ਚੁਣ ਲਿਆ।

ਅਲਬੇਲਾ ਜੀ ਨੇ ਗਾਉਣਾ ਤਾਂ ਬਚਪਨ ਤੋਂ ਹੀ ਸੀ ਸ਼ੁਰੂ ਕਰ ਦਿੱਤਾ ਸੀ ਪਰ ਉਨ੍ਹਾਂ ਨੇ ਸਭ ਤੋਂ ਪਹਿਲਾ ਪ੍ਰੋਗਰਾਮ 12 ਜਨਵਰੀ 1989 ਨੂੰ ਪਿੰਡ ਪੱਕਾ ਕਲਾਂ ਜ਼ਿਲ੍ਹਾ ਬਠਿੰਡਾ ਵਿਚ ਲਾਇਆ। ਉਨ੍ਹਾਂ ਪਹਿਲੀ ਕੈਸੇਟ ਸੀ "ਪਰਉਪਕਾਰੀ ਖਾਲਸਾ" ਇਹ ਇੰਦਰਲੋਕ ਕੰਪਨੀ (ਜੋ ਕਿ ਹੁਣ ਸਟੂਡੀਓ ਹੈ) ਵੱਲੋਂ ਕੀਤੀ ਗਈ ਸੀ। ਦੂਸਰੀ ਕੈਸੇਟ ਹਿੰਦ ਦੀ ਚਾਦਰ (ਜੋ ਕਿ ਸੁਪਰਹਿੱਟ ਹੋਈ) ਇਹ ਕੈਸੇਟ ਪਾਇਲ ਕੰਪਨੀ ਵਿਚ ਆਈ। ਅਲਬੇਲਾ ਜੀ ਦੇ ਢਾਡੀ ਗਾਉਣ ਦੀਆਂ ਟੇਪਾਂ 122 ਮੁਲਕਾਂ ਵਿਚ ਚੱਲ ਰਹੀਆਂ ਹਨ ਜਿਥੇ-ਜਿਥੇ ਵੀ ਕੋਈ ਪੰਜਾਬੀ ਹੈ ਉਤੇ ਉਨ੍ਹਾਂ ਕੈਸੇਟ ਚੱਲਦੀ ਹੈ।

ਅਲਬੇਲਾ ਜੀ ਨੂੰ ਤਕਰੀਬਨ 22 ਮੁਲਕਾਂ ਦੇ ਸੱਦੇ ਆਏ ਸਨ। ਪ੍ਰੋਗਰਾਮ ਕਰਨ ਲਈ ਕੈਨੇਡਾ, ਰਸ਼ੀਆ, ਡੁਬਈ, ਨਿਊਜ਼ੀਲੈਂਡ ਅਤੇ ਮੰਡੀਲਾ ਦੇ ਦੌਰੇ 'ਤੇ ਜਾ ਚੁੱਕੇ ਸਨ। ਜ਼ਿਆਦਾ ਸਮਾ ਉਨ੍ਹਾਂ ਦੇ ਸਾਥੀ ਬਲਦੇਵ ਸਿੰਘ ਬਿੱਲੂ, ਜਸਵੰਤ ਸਿੰਘ ਦੀਵਾਨਾ ਤੇ ਸਾਰੰਗੀ ਮਾਸਟਰ ਸਤਨਾਮ ਸਿੰਘ ਲਾਲੀ ਰਹੇ।

ਅਦਾਕਾਰੀ ਵਿਚ ਅਲਬੇਲਾ ਜੀ ਨੇ ਛੋਟੇ ਹੁੰਦਿਆਂ ਹੀ ਡਰਾਮੇ ਕਰਨ ਲੱਗ ਪਏ ਸੀ ਅਤੇ 1977 ਵਿਚ ਉਨ੍ਹਾਂ ਆਪਣੀ ਡਰਾਮਾ ਪਾਰਟੀ ਤਿਆਰ ਕਰ ਲਈ ਸੀ 'ਅਲਬੇਲਾ ਡਰਾਮਾ ਪਾਰਟੀ'। ਉਸ ਸਮੇਂ ਨਛੱਤਰ ਛੱਤਾ ਵੀ ਛੋਟਾ ਜਿਹਾ ਸੀ ਉਹ ਵੀ ਉਨ੍ਹਾਂ ਨਾਲ ਹੀ ਸੀ। ਇਨ੍ਹਾਂ ਦੀ ਡਰਾਮਾ ਪਾਰਟੀ ਦੀ ਇਲਾਕੇ ਵਿੱਚ ਇਨ੍ਹੀ ਚੜ੍ਹਾਈ ਸੀ ਕਿ ਵਿਆਹ-ਸ਼ਾਦੀ ਮੌਕੇ ਲੋਕ ਗਾਉਣ ਵਾਲੇ ਕਲਾਕਾਰਾਂ ਨੂੰ ਛੱਡ ਕੇ ਅਲਬੇਲਾ ਜੀ ਦੇ ਡਰਾਮੇ ਕਰਵਾਉਣ ਲੱਗੇ। ਇਹਨਾ ਡਰਾਮਿਆਂ 'ਚੋ ਪੂਰਮ ਭਗਤ ਦਾ ਡਰਾਮਾ ਸਭ ਤੋਂ ਪ੍ਰਸਿੱਧ ਸੀ। ਪੂਰਨ ਦਾ ਰੋਲ ਨਛੱਤਰ ਛੱਤਾ ਕਰਦਾ ਹੁੰਦਾ ਸੀ। ਅਲਬੇਲਾ ਜੀ ਦੀ ਡਰਾਮਾ ਪਾਰਟੀ ਦੀ ਚੜ੍ਹਾਈ ਦਾ ਇਥੋਂ ਵੀ ਪਤਾ ਲੱਗਦਾ ਹੈ ਕਿ ਉਸ ਸਮੇਂ ਮੁਹੰਮਦ ਸਦੀਕ ਪ੍ਰੋਗਰਾਮ ਦਾ 800 ਰੁਪਇਆ ਲੈਂਦਾ ਸੀ ਅਤੇ ਅਲਬੇਲਾ ਜੀ 1500 ਰੁਪਇਆ ਲੈਂਦੇ ਸੀ। ਉਨ੍ਹਾਂ ਬਹੁਤ ਜ਼ਿਆਦਾ ਡਰਾਮੇ ਕੀਤੇ ਹੌਲੀ-ਹੌਲੀ ਲੋਕਾਂ ਦਾ ਝੁਕਾਅ ਇਧਰੋਂ ਘੱਟ ਗਿਆ ਤੇ ਉਨ੍ਹਾਂ ਨੇ ਢਾਡੀ ਕਲਾ ਨੂੰ ਚੁਣ ਲਿਆ।

ਉਹਨਾ ਦੇ ਬਹੁਤ ਜ਼ਿਆਦਾ ਸ਼ਗਿਰਦ ਹਨ ਜਿਨ੍ਹਾਂ ਵਿਚ ਨਛੱਤਰ ਛੱਤਾ (ਜੋ ਕਿ 11 ਸਾਲ ਕੋਲ ਰਿਹਾ), ਬਲਕਾਰ ਸਿੱਧੂ, ਗਗਨਦੀਪ, ਅਮਨਦੀਪ (ਜੋ ਕਿ ਸੰਗੀਤ ਦੀ ਬੀ.ਏ. ਕਰ ਚੁੱਕਾ ਹੈ), ਨਿਰਮਲ ਗਿੱਲ, ਧਰਮਪ੍ਰੀਤ, ਸੰਦੀਪ ਸੋਨਾ, ਬਲਤੇਜ ਬਿੱਟੂ, ਰਵਿੰਦਰ ਚੰਨਾ, ਪਵਿੱਤਰ ਅਤੇ ਹੋਰ ਅਨੇਕਾਂ (ਜੋ ਅਜੇ ਸਿਖ ਰਹੇ ਸਨ)।

ਉਨ੍ਹਾਂ ਨੇ ਵੈਸੇ ਤਾਂ ਬਹੁਤ ਗੀਤ ਲਿਖੇ ਹਨ ਪਰ ਜਿਹੜੇ ਬਹੁਤ ਮਸ਼ਹੂਰ ਹੋਏ ਹਨ। ਉਨ੍ਹਾਂ ਦੀ ਗਿਣਤੀ 50 ਤੋਂ 60 ਦੇ ਵਿਚਕਾਰ ਹੈ। ਉਨ੍ਹਾਂ ਦਾ ਸਭ ਤੋਂ ਪਹਿਲਾ ਗੀਤ "ਵੋਟਾਂ ਵਿਚ ਮੈਂ ਖੜੀ" ਰਿਕਾਰਡ ਹੋਇਆ। ਇਹ ਗਾਇਕ ਕੇ. ਐਸ. ਪਰਦੇਸੀ ਦੀ ਆਵਾਜ਼ ਵਿਚ ਰਿਕਾਰਡ ਹੋਇਆ। ਉਨ੍ਹਾਂ ਦਾ ਦੂਸਰਾ ਗੀਤ "ਮੰਦੜੇ ਬੋਲ ਨਾ ਬੋਲ" ਨਛੱਤਰ ਛੱਤੇ ਦੀ ਆਵਾਜ਼ ਵਿਚ ਰਿਕਾਰਡ ਹੋਇਆ। ਇਹ ਗੀਤ ਬਹੁਤ ਮਸ਼ਹੂਰ ਹੋਇਆ। ਇਸ ਤੋਂ ਬਾਅਦ ਬਲਕਾਰ ਦੀ ਆਵਾਜ਼ ਵਿਚ ਦਿਨ ਪੇਪਰਾਂ ਦੇ, ਤੂੰ ਹੋ ਗਈ ਮੁਟਿਆਰ, ਤੇਰੀ ਵੀਹੀ ਵਿਚ ਆਦਿ ਕਾਫੀ ਮਸ਼ਹੂਰ ਹੋਏ।

ਅਲਬੇਲਾ ਜੀ ਪੱਤਰਕਾਰੀ ਦੇ ਖੇਤਰ ਵਿੱਚ ਵੀ ਵਿਸ਼ੇਸ ਮੁਹਾਰਤ ਰੱਖਦੇ ਸਨ। ਉਹ 2005 ਤੋਂ ਹੁੱਣ ਤੱਕ ਅੰਤਰ-ਰਾਸ਼ਟਰੀ ਮੈਗਜੀਨ 'ਮਹਿਕ ਵਤਨ ਦੀ' ਦੇ ਸ੍ਰਪਰਸਤ ਰਹੇ ਹਨ। ਉਨ੍ਹਾਂ ਨੇ ਕਈ ਨਵੇਂ ਲੜਕਿਆਂ ਨੂੰ ਪੱਤਰਕਾਰੀ ਦੀਆਂ ਬਰੀਕੀਆ ਤੋਂ ਜਾਣੂ ਕਰਵਾਇਆਂ ਹੈ।

11 ਜਨਵਰੀ 2016 ਨੂੰ ਢਾਡੀ ਕਲਾ ਦਾ ਇਹ ਥੰਮ ਡਿੱਗ ਪਿਆਂ। ਸਰੀਰਕ ਤੌਰ ਤੇ ਤਾਂ ਇਹ ਕੜਕਦੀ ਆਵਾਜ ਥੰਮ ਗਈ ਪਰ ਉਹਨ੍ਹਾ ਦੇ ਲਿਖੇ ਗੀਤ ਤੇ ਗਾਏ ਢਾਡੀ ਪ੍ਰਸੰਗ ਰਹਿੰਦੀ ਦੁਨੀਆਂ ਤੱਕ ਵਜਦੇ ਰਹਿਣਗੇ। ਅਲਬੇਲਾ ਨਾਮ ਹਮੇਸ਼ਾ ਅਮਰ ਰਹੇਗਾ।